| ਪਰਚਾ ਪੰਜਵਾਂ | : ਸਾਹਿਤ ਆਲੋਚਨਾ ਦੇ ਸਿਧਾਂਤ |

# ਕਾਮਰਸ ਫੈਕਲਟੀ (COMMERCE FACULTY)

## ਬੀ ਕਾਮ ਭਾਗ-1 (BCom Part-I)

### ਦਾਖਲੇ ਲਈ ਪਾਤਰਤਾ

ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ +2 ਦੀ ਪਰੀਖਿਆ ਜਾਂ ਇਸ ਦੇ ਬਰਾਬਰ ਦੀ ਮਾਨਤਾ ਪ੍ਰਾਪਤ ਪਰੀਖਿਆ ਹੇਠ ਲਿਖੇ ਅਨੁਸਾਰ ਪਾਸ ਕੀਤੀ ਹੋਵੇ, ਦਾਖਲਾ ਲੈਣ ਦੇ ਯੋਗ ਹੈ:

ੳ) 40% ਅੰਕ ਐਗਰੀਗੇਟ (ਕਾਮਰਸ ਗਰੁੱਪ)

ਅ) 45% ਅੰਕ ਹਿਉਮੈਨਟੀਜ਼ ਗਰੁੱਪ ਵਿਚ, ਕਾਮਰਸ/ਅਕਾਊਂਟਸ/ਮੈਥਸ/ਇਕਨਾਮਿਕਸ ਤੇ ਮੈਨੇਜਮੈਂਟ ਪੇਪਰਾਂ ਵਿਚੋਂ ਕੋਈ ਦੋ ਲਏ ਹੋਣ।

ੲ) ਉਪਰੋਕਤ (ੳ) ਅਤੇ (ਅ) ਤੋਂ ਇਲਾਵਾ ਹੋਰ ਵਿਸ਼ਿਆਂ ਵਿੱਚ 50% ਅੰਕ ਲਏ ਹੋਣ।

### Subject Combinations

**(Semester-I)**

1. BC-101: Punjabi (Comp)*
2. BC-102: English (CS)
3. BC-103: Financial Accounting
4. BC-104: Business Laws-I
5. BC-105: Principles of Economics-I
6. BC-106: Computer Applications in Business

**(Semester-II)**

1. BC-201: Punjabi (Comp)*
2. BC-202: English (CS)
3. BC-203: e-Accounting
4. BC-204: Business Laws-II
5. BC-205: Principles of Economics-II
6. BC-206: Business Statistics

## ਬੀ ਕਾਮ ਭਾਗ-II (BCom Part-II)

### ਦਾਖਲੇ ਲਈ ਪਾਤਰਤਾ

ਜਿਸ ਵਿਦਿਆਰਥੀ ਨੇ ਪੰਜਾਬੀ ਯੂਨੀਵਰਸਿਟੀ ਤੋਂ ਬੀ ਕਾਮ ਭਾਗ-1 ਦੀ ਪਰੀਖਿਆ ਪਾਸ ਕੀਤੀ ਹੋਵੇ ਜਾਂ ਪਹਿਲੇ ਦੋ ਸਮੈਸਟਰਾਂ ਦੇ ਕੁੱਲ ਪੇਪਰਾਂ ਵਿਚੋਂ ਘੱਟੋ ਘੱਟ 50% ਪੇਪਰਾਂ ਵਿੱਚ ਪਾਸ ਹੋਵੇ, ਦਾਖਲੇ ਦੇ ਯੋਗ ਹੈ।

### Subject Combinations

**(Semester-III)**

1. BC-301: Punjabi (Comp)*
2. BC-302: English (CS)
3. BC-303: Principles of Business Management-I
4. BC-304: Corporate Accounting-I
5. BC-305: Company Law
6. BC-306: Income Tax Law-I
7. BC-307: Business Mathematics

**(Semester-IV)**

1. BC-401: Punjabi (Comp)*
2. BC-402: English (CS)
3. BC-403: Principles of Business Management-II
4. BC-404: Corporate Accounting-II
5. BC-405: Auditing Practices
6. BC-406: Income Tax Law-II
7. BC-407: Business Environment

## ਬੀ ਕਾਮ ਭਾਗ-III (B Com Part-III)

### ਦਾਖਲੇ ਲਈ ਪਾਤਰਤਾ

ਜਿਸ ਵਿਦਿਆਰਥੀ ਨੇ ਪੰਜਾਬੀ ਯੂਨੀਵਰਸਿਟੀ ਤੋਂ ਬੀ ਕਾਮ ਭਾਗ-II ਦੀ ਪਰੀਖਿਆ ਪਾਸ ਕੀਤੀ ਹੋਵੇ ਜਾਂ ਪਹਿਲੇ ਚਾਰ ਸਮੈਸਟਰਾਂ ਦੇ ਕੁੱਲ ਪੇਪਰਾਂ ਵਿਚੋਂ ਘੱਟੋ ਘੱਟ 50% ਪੇਪਰਾਂ ਵਿੱਚ ਪਾਸ ਹੋਵੇ, ਦਾਖਲੇ ਦੇ ਯੋਗ ਹੈ।

### Subject Combinations

**(Semester-V)**

1. BC-501: Punjabi (Comp)*
2. BC-502: Management Accounting-I
3. BC-503: Cost Accounting-I
4. BC-504: Financial Management-I
5. BC-505: Indirect Taxes-I
6. BC-506: Fundamentals of Entrepreneurship
7. BC-510: Essentials of E-Commerce

**(Semester-VI)**

1. BC-601: Punjabi (Comp)*
2. BC-602: Management Accounting-II
3. BC-603: Cost Accounting-II
4. BC-604: Financial Management-II
5. BC-605: Indirect Taxes-II
6. BC-606: Governance, Ethics and Social Responsibility of Business
7. BC-610: Internet and WWW

* Refer Page No. 19 for rules to opt for Punjabi (Elementary Knowledge) in lieu of Punjabi Compulsory.

## ਜ਼ਰੂਰੀ ਸੂਚਨਾ

1) ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰ ਨੰ: 3681-3826 ਕਾਲਜ/ਸ-4 ਮਿਤੀ 18-4-2012 ਰਾਹੀਂ ਨਿਰਦੇਸ਼ ਦਿੱਤੇ ਗਏ ਹਨ ਕਿ **ਬੋਰਡ ਆਫ਼ ਹਾਇਰ ਸੈਕੰਡਰੀ ਐਜੂਕੇਸ਼ਨ, ਦਿੱਲੀ** ਤੋਂ 10+2 ਪਾਸ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲਾ ਨਾ ਦਿੱਤਾ ਜਾਵੇ ਕਿਉਂਕਿ ਇਹ ਸੰਸਥਾ ਜਾਅਲੀ ਹੈ।

2) ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰ ਨੰ: 5413-5558/ਕਾਲਜ/ਸ-4 ਮਿਤੀ 23-5-2012 ਅਨੁਸਾਰ **ਕੌਂਸਲ ਆਫ਼ ਸੈਕੰਡਰੀ ਐਜੂਕੇਸ਼ਨ, ਪੀ.ਐਮ.ਸੀ. (ਪੰਜਾਬ) ਕੈਂਪਸ, ਮੋਹਾਲੀ** ਕਿਸੇ ਵੀ ਸਰਕਾਰ ਤੋਂ ਮਾਨਤਾ ਪ੍ਰਾਪਤ ਨਹੀਂ ਹੈ। ਇਸ ਲਈ ਇਸ ਸੰਸਥਾ ਤੋਂ 10+2 ਪਾਸ ਵਿਦਿਆਰਥੀਆਂ ਨੂੰ ਕਿਸੇ ਵੀ ਅਗਲੀ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।

## ਸਾਇੰਸ ਫੈਕਲਟੀ (SCIENCE FACULTY)

### ਬੀ ਐਸ-ਸੀ ਭਾਗ-I (BSc Part-I)

#### ਦਾਖਲੇ ਲਈ ਪਾਤਰਤਾ

ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਾਇੰਸ ਗਰੁੱਪ ਵਿਚ +2 ਜਮਾਤ ਦੀ ਪਰੀਖਿਆ ਜਾਂ ਇਸ ਦੇ ਬਰਾਬਰ ਦੀ ਕੋਈ ਹੋਰ ਮਾਨਤਾ ਪ੍ਰਾਪਤ ਪਰੀਖਿਆ ਪਾਸ ਕੀਤੀ ਹੋਵੇ, ਦਾਖਲਾ ਲੈ ਸਕਦਾ ਹੈ।

**Subject Combinations**

| | Medical | Non Medical | Computer Sc |
|---|---|---|---|
| 1. | Punjabi(Comp)* | Punjabi (Comp)* | Punjabi (Comp)* |
| 2. | Chemistry | Physics | Physics |
| 3. | Botany | Chemistry | Mathematics |
| 4. | Zoology | Mathematics | Computer Sc |

### ਬੀ ਐਸ-ਸੀ ਭਾਗ-II (BSc Part-II)

#### ਦਾਖਲੇ ਲਈ ਪਾਤਰਤਾ

ਜਿਸ ਵਿਦਿਆਰਥੀ ਨੇ ਪੰਜਾਬੀ ਯੂਨੀਵਰਸਿਟੀ ਤੋਂ ਬੀ ਐਸ-ਸੀ ਭਾਗ-I ਦੀ ਪਰੀਖਿਆ ਪਾਸ ਕੀਤੀ ਹੋਵੇ ਜਾਂ ਪਹਿਲੇ ਦੋ ਸਮੈਸਟਰਾਂ ਦੇ ਕੁੱਲ ਪੇਪਰਾਂ ਵਿਚੋਂ ਘੱਟੋ ਘੱਟ 50% ਪੇਪਰਾਂ ਵਿੱਚ ਪਾਸ ਹੋਵੇ, ਦਾਖਲੇ ਦੇ ਯੋਗ ਹੈ।

**Subject Combinations**

| | Medical | Non Medical | Computer Sc |
|---|---|---|---|
| 1. | Punjabi(Comp)* | Punjabi(Comp)* | Punjabi(Comp)* |
| 2. | English (CS) | English (CS) | English (CS) |
| 3. | Chemistry | Physics | Physics |
| 4. | Botany | Chemistry | Mathematics |
| 5. | Zoology | Mathematics | Computer Sc. |

### ਬੀ ਐਸ-ਸੀ ਭਾਗ-III (BSc Part-III)

#### ਦਾਖਲੇ ਲਈ ਪਾਤਰਤਾ

ਜਿਸ ਵਿਦਿਆਰਥੀ ਨੇ ਪੰਜਾਬੀ ਯੂਨੀਵਰਸਿਟੀ ਤੋਂ ਬੀ ਐਸ-ਸੀ ਭਾਗ-II ਦੀ ਪਰੀਖਿਆ ਪਾਸ ਕੀਤੀ ਹੋਵੇ ਜਾਂ ਪਹਿਲੇ ਚਾਰ ਸਮੈਸਟਰਾਂ ਦੇ ਕੁੱਲ ਪੇਪਰਾਂ ਵਿਚੋਂ ਘੱਟੋ ਘੱਟ 50% ਪੇਪਰਾਂ ਵਿੱਚ ਪਾਸ ਹੋਵੇ, ਦਾਖਲੇ ਦੇ ਯੋਗ ਹੈ।

**Subject Combinations**

| | Medical | Non Medical | Computer Sc |
|---|---|---|---|
| 1. | Punjabi(Comp)* | Punjabi(Comp)* | Punjabi(Comp)* |
| 2. | Chemistry | Physics | Physics |
| 3. | Botany | Chemistry | Mathematics |
| 4. | Zoology | Mathematics | Computer Sc. |

* Refer Page No. 19 for rules to opt for Punjabi (Elementary Knowledge) in lieu of Punjabi Compulsory.

## STUDENTS' SUPPORT SERVICES

### ਐਨ ਸੀ ਸੀ (NCC)

ਕਾਲਜ ਵਿਚ ਲੜਕੇ ਅਤੇ ਲੜਕੀਆਂ ਲਈ ਐਨ ਸੀ ਸੀ ਦੀ ਟ੍ਰੇਨਿੰਗ ਦਾ ਪ੍ਰਬੰਧ ਹੈ। ਹਥਿਆਰਬੰਦ ਸੈਨਾਵਾਂ, ਅਰਧ-ਸੈਨਿਕ ਬਲ ਅਤੇ ਪੁਲਿਸ ਆਦਿ ਵਿਚ ਨੌਕਰੀ ਚਾਹੁਣ ਵਾਲੇ ਵਿਦਿਆਰਥੀਆਂ ਲਈ ਐਨ ਸੀ ਸੀ ਦੀ ਟ੍ਰੇਨਿੰਗ ਬਹੁਤ ਹੀ ਉਪਯੋਗੀ ਸਾਬਤ ਹੁੰਦੀ ਹੈ। ਕਾਲਜ ਦੇ ਕੈਡਿਟ ਹਰ ਵਰ੍ਹੇ ਸਾਲਾਨਾ ਟ੍ਰੇਨਿੰਗ ਕੈਂਪ, ਕੌਮੀ ਏਕਤਾ ਕੈਂਪ ਤੇ ਹੋਰ ਸਰਗਰਮੀਆਂ ਵਿੱਚ ਭਾਗ ਲੈਂਦੇ ਹਨ ਤੇ 'ਬੀ' ਅਤੇ 'ਸੀ' ਸਰਟੀਫਿਕੇਟ ਵੀ ਹਾਸਲ ਕਰਦੇ ਹਨ।

ਐਨ ਸੀ ਸੀ ਦੇ ਯੂਨਿਟਾਂ ਦੀ ਪ੍ਰਵਾਣਿਤ ਗਿਣਤੀ ਨਿਮਨ ਅਨੁਸਾਰ ਹੈ:

ੳ) ਇਨਫੈਂਟਰੀ ਡਿਵੀਜ਼ਨ (ਲੜਕੇ).........55 ਕੈਡਿਟ

ਅ) ਇਨਫੈਂਟਰੀ ਡਿਵੀਜ਼ਨ (ਲੜਕੀਆਂ)......50 ਕੈਡਿਟ।


### ਐਨ ਐਸ ਐਸ (NSS)

ਐਨ ਐਸ ਐਸ ਦਾ ਮਨੋਰਥ ਕੌਮ ਦੀ ਸੇਵਾ ਹੈ। ਕਾਲਜ ਦੇ ਐਨ ਐਸ ਐਸ ਦੇ ਤਿੰਨ ਯੂਨਿਟਾਂ ਵਲੋਂ ਇਸ ਮਕਸਦ ਲਈ ਕਾਲਜ ਵਿਚ ਟ੍ਰੈਫਿਕ ਕੰਟਰੋਲ, ਨਸ਼ਿਆਂ, ਭਰੂਣ ਹੱਤਿਆ ਤੇ ਵਾਤਾਵਰਣ ਚੇਤਨਾ ਸੰਬੰਧੀ ਭਾਸ਼ਣ, ਰੈਲੀਆਂ ਅਤੇ ਕੌਮੀ ਤੇ ਕੌਮਾਂਤਰੀ ਚੁਣੌਤੀਆਂ ਬਾਰੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਵਿਦਿਆਰਥੀਆਂ ਨੂੰ ਸਮਾਜ ਸੇਵਾ ਲਈ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਖੂਨਦਾਨ ਕੈਂਪ ਅਯੋਜਿਤ ਕਰਕੇ ਲੋੜਵੰਦਾਂ ਲਈ ਵੱਡੀ ਗਿਣਤੀ ਵਿੱਚ ਖੂਨਦਾਨ ਕੀਤਾ ਜਾਂਦਾ ਹੈ।

### ਖੇਡਾਂ (Sports)

ਕਾਲਜ ਵਿਚ ਖੇਡ ਸਰਗਰਮੀਆਂ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਉਚੇਚੇ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਸਦਕਾ ਹੀ ਚਾਰ ਸਾਲ ਪੰਜਾਬੀ ਯੂਨੀਵਰਸਿਟੀ ਦੀ 'ਮਹਾਰਾਜਾ ਯਾਦਵਿੰਦਰਾ ਸਿੰਘ ਟਰਾਫੀ-ਜਨਰਲ ਚੈਂਪੀਅਨਸ਼ਿਪ (ਪੁਰਸ਼)' ਅਤੇ ਲੜਕੀਆਂ ਦੀ ਚੈਂਪੀਅਨਸ਼ਿਪ 'ਰਾਜਕੁਮਾਰੀ ਅੰਮ੍ਰਿਤ ਕੌਰ ਟਰਾਫ਼ੀ- ਜਨਰਲ ਚੈਂਪੀਅਨਸ਼ਿਪ (ਇਸਤਰੀਆਂ)' ਦੋ ਵਾਰ ਹਾਸਲ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਇਸ ਸਾਲ ਕਾਲਜ ਦੇ 3 ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਚੁੱਕੇ ਹਨ। ਰਾਸ਼ਟਰੀ ਮੁਕਾਬਲਿਆਂ ਵਿਚ ਅਣਗਿਣਤ ਖਿਡਾਰੀਆਂ ਨੇ ਸਨਮਾਨਯੋਗ ਪ੍ਰਾਪਤੀਆਂ ਕੀਤੀਆਂ ਹਨ। ਪੰਜਾਬੀ ਯੂਨੀਵਰਸਿਟੀ ਅੰਤਰ-ਕਾਲਜ ਖੇਡ ਮੁਕਾਬਲਿਆਂ ਚੋਂ 27 ਪੁਜ਼ੀਸ਼ਨਾਂ ਹਾਸਲ ਕੀਤੀਆ ਜਿਨ੍ਹਾਂ ਵਿਚ 13 ਯੂਨੀਵਰਸਿਟੀ ਚੈਂਪੀਅਨਸ਼ਿਪਸ ਸ਼ਾਮਲ ਹਨ।





**ANGADVIR SINGH BAJWA**
International Shooter



**NEELAM RANI**
International Fencing Player



**RAJBEER SINGH**
International Cyclist



**HIMANSHU GUPTA**
Represented India
in Folk Dances

## ਸਹਿ-ਵਿਦਿਅਕ ਸਰਗਰਮੀਆਂ (Co-curricular Activities)

ਪੜ੍ਹਾਈ ਦੇ ਨਾਲ-ਨਾਲ ਸਹਿ-ਵਿਦਿਅਕ ਸਰਗਰਮੀਆਂ ਵਿਦਿਆਰਥੀਆਂ ਦੇ ਸ਼ਖ਼ਸੀਅਤ ਨਿਰਮਾਣ ਵਿੱਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ। ਕਾਲਜ ਵਿੱਚ ਵਿਦਿਆਰਥੀਆਂ ਨੂੰ ਅਕਾਦਮਿਕ, ਸਾਹਿਤਕ, ਸੰਗੀਤਕ, ਸਭਿਆਚਾਰਕ, ਕਲਾਤਮਕ ਅਤੇ ਮੰਚ ਸਰਗਰਮੀਆਂ ਵਿਚ ਹਿੱਸਾ ਲੈਣ ਲਈ ਅਨੇਕਾਂ ਅਵਸਰ ਪ੍ਰਦਾਨ ਕੀਤੇ ਜਾਂਦੇ ਹਨ। ਹਰ ਵਰ੍ਹੇ ਕਾਲਜ ਦੇ ਵਿਦਿਆਰਥੀ ਯੁਵਕ ਮੇਲਿਆਂ ਅਤੇ ਹੋਰ ਵੱਖ-ਵੱਖ ਮੁਕਾਬਲਿਆਂ ਵਿਚੋਂ ਮੋਹਰੀ ਪੁਜੀਸ਼ਨਾਂ ਅਤੇ ਇਨਾਮ ਹਾਸਲ ਕਰਦੇ ਹਨ।

## ਕਾਲਜ ਪੱਤ੍ਰਿਕਾ (College Magazine)

ਵਿਦਿਆਰਥੀਆਂ ਵਿਚ ਸਿਰਜਨਾਤਮਕ ਰੁਚੀਆਂ ਪ੍ਰਫੁਲਤ ਕਰਨ ਤੇ ਵੱਖ-ਵੱਖ ਖੇਤਰਾਂ ਵਿਚ ਕਾਲਜ ਦੀਆਂ ਪ੍ਰਾਪਤੀਆਂ ਨੂੰ ਵੇਰਵੇ ਸਹਿਤ ਪ੍ਰਸਤੁਤ ਕਰਨ ਦੇ ਮੰਤਵ ਨਾਲ ਕਾਲਜ ਪੱਤ੍ਰਿਕਾ 'ਦਿ ਲੂਮਿਨਰੀ' ਦਾ ਪ੍ਰਕਾਸ਼ਨ ਹਰ ਵਰ੍ਹੇ ਕੀਤਾ ਜਾਂਦਾ ਹੈ। ਇਸ ਵਿਚ ਪੰਜਾਬੀ, ਹਿੰਦੀ,ਅੰਗ੍ਰੇਜ਼ੀ, ਕਾਮਰਸ, ਸਾਇੰਸ, ਕੰਪਿਊਟਰ ਸਾਇੰਸ ਅਤੇ ਤਸਵੀਰਾਂ ਸਮੇਤ ਕਾਲਜ ਸਮਾਚਾਰ ਭਾਗ ਸ਼ਾਮਲ ਹੁੰਦੇ ਹਨ।

## ਲਾਇਬਰੇਰੀ ਅਤੇ ਰੀਡਿੰਗ ਹਾਲ (Library and Reading Hall)

ਕਾਲਜ ਨੇ ਆਪਣੇ ਵਿਦਿਆਰਥੀਆਂ ਲਈ ਵਧੀਆ ਲਾਇਬਰੇਰੀ ਅਤੇ ਰੀਡਿੰਗ ਹਾਲ ਸਹੂਲਤਾਂ ਦਾ ਪ੍ਰਬੰਧ ਕੀਤਾ ਹੋਇਆ ਹੈ। ਇਸ ਵਿਚ ਇਕੋ ਸਮੇਂ 300 ਵਿਦਿਆਰਥੀਆਂ ਅਤੇ 50 ਅਧਿਆਪਕਾਂ ਦੇ ਬਹਿਣ ਦਾ ਪ੍ਰਬੰਧ ਹੈ। ਇਸ ਵਿੱਚ 61,000 ਤੋਂ ਵੱਧ ਪੁਸਤਕਾਂ, 22 ਅਖ਼ਬਾਰਾਂ ਤੇ 97 ਰਸਾਲੇ ਉਪਲਬਧ ਹਨ। ਅਡਵਾਂਸਡ ਲਰਨਿੰਗ ਅਤੇ ਖੋਜ ਕਾਰਜਾਂ ਨਾਲ ਸੰਬੰਧਿਤ ਨਵੀਨਤਮ ਮਿਆਰੀ ਪੁਸਤਕਾਂ ਵੱਡੀ ਗਿਣਤੀ ਵਿੱਚ ਉਪਲਬਧ ਹਨ। ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰਖਦੇ ਹੋਏ ਹਰ ਵਰ੍ਹੇ ਨਵੀਆਂ ਪੁਸਤਕਾਂ ਖਰੀਦੀਆਂ ਜਾਂਦੀਆਂ ਹਨ। ਇਹ ਲਾਇਬਰੇਰੀ ਵੱਖਰੇ-ਵੱਖਰੇ ਚਾਰ ਭਾਗਾਂ ਵਿਚ ਵੰਡੀ ਹੋਈ ਹੈ:

1. ਪਾਠ-ਪੁਸਤਕ ਭਾਗ
2. ਆਮ ਭਾਗ
3. ਹਵਾਲਾ ਭਾਗ
4. ਰੀਡਿੰਗ ਹਾਲ

'ਪੁਸਤਕ ਬੈਂਕ' ਸਕੀਮ ਅਧੀਨ ਬਹੁਤ ਸਾਰੇ ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਸਾਰੇ ਸੈਸ਼ਨ ਲਈ ਉਧਾਰ ਦੇਣ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ। ਲਾਇਬਰੇਰੀ ਵਿੱਚ ਸਸਤੇ ਰੇਟ ਤੇ ਫੋਟੋਸਟੈਟ ਦੀ ਸਹੂਲਤ ਉਪਲੱਬਧ ਹੈ। ਕਾਲਜ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ INFLIBNET ਦੀ ਸਹੂਲਤ ਵੀ ਮੁੱਹਈਆ ਕਰਵਾਈ ਜਾ ਚੁੱਕੀ ਹੈ।

## ਹੈਰੀਟੇਜ ਸੁਸਾਇਟੀ (Heritage Society)

ਸ਼ਾਹੀ ਸ਼ਹਿਰ ਪਟਿਆਲਾ ਨੂੰ ਪੰਜਾਬ ਦੀ ਸਭਿਆਚਾਰਕ ਰਾਜਧਾਨੀ ਕਰਕੇ ਵੀ ਜਾਣਿਆ ਜਾਂਦਾ ਹੈ। ਇਸ ਸ਼ਹਿਰ ਦੀ ਮੁਗ਼ਲ ਅਤੇ ਰਾਜਸਥਾਨੀ ਭਵਨ-ਨਿਰਮਾਣ ਕਲਾ, ਸੰਸਾਰ ਪ੍ਰਸਿੱਧ ਸ਼ਾਸਤਰੀ ਸੰਗੀਤ ਦਾ ਪਟਿਆਲਾ ਘਰਾਣਾ, ਮੈਡਲ ਗੈਲਰੀ, ਕਿਲਾ ਮੁਬਾਰਕ, ਵਿਸ਼ਾਲ ਮਹਿਲ ਅਤੇ ਬਾਗ਼ ਇਥੋਂ ਦੀ ਮਾਣ ਕਰਨ ਯੋਗ ਵਿਰਾਸਤ ਦੇ ਕੁਝ ਨਮੂਨੇ ਹਨ। ਪਟਿਆਲਾ ਸ਼ਾਹੀ ਪੱਗ, ਪਟਿਆਲਾ ਸਲਵਾਰ, ਪਰਾਂਦੇ, ਨਾਲੇ, ਫੁਲਕਾਰੀ ਅਤੇ ਪਟਿਆਲਾ ਜੁੱਤੀ ਲਈ ਵੀ ਇਹ ਸ਼ਹਿਰ ਪ੍ਰਸਿੱਧ ਹੈ। ਕਾਲਜ ਦੀ **'ਹੈਰੀਟੇਜ ਸੁਸਾਇਟੀ'** ਇਸ ਮੰਤਵ ਨੂੰ ਮੁੱਖ ਰੱਖ ਕੇ ਬਣਾਈ ਗਈ ਹੈ ਕਿ ਸਾਡੇ ਵਿਦਿਆਰਥੀ ਆਪਣੇ ਸ਼ਹਿਰ ਦੀ ਅਮੀਰ ਵਿਰਾਸਤ ਤੋਂ ਜਾਣੂੰ ਹੋ ਸਕਣ, ਆਪਣੇ ਵਡੇਰਿਆਂ ਦੁਆਰਾ ਸਥਾਪਿਤ ਮਿਆਰੀ ਕਾਰਜਾਂ/ਸੰਸਥਾਵਾਂ ਤੋਂ ਪ੍ਰੇਰਨਾ ਲੈਣ ਅਤੇ ਆਪਣੇ ਪਟਿਆਲਵੀ ਹੋਣ ਤੇ ਫ਼ਖ਼ਰ ਮਹਿਸੂਸ ਕਰ ਸਕਣ।

## ਈਕੋ ਕਲੱਬ (Eco Club)

ਭਾਵੇਂ ਪਟਿਆਲਾ ਸ਼ਹਿਰ ਬਹੁਤ ਘੱਟ ਪ੍ਰਦੂਸ਼ਣ ਵਾਲਾ ਤੇ ਬਹੁਤ ਚੰਗੇ ਰਹਿਣ-ਯੋਗ ਸ਼ਹਿਰਾਂ ਵਿੱਚੋਂ ਇੱਕ ਹੈ, ਪਰ ਫਿਰ ਵੀ ਵਾਤਾਵਰਨ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਰੁੱਖਾਂ ਦੀ ਕਟਾਈ ਸਾਡੀਆਂ ਹਰੀਆਂ ਭਰੀਆਂ ਪਹਾੜੀਆਂ ਨੂੰ ਬਦਸੂਰਤ ਬਣਾ ਰਹੀ ਹੈ। ਕਾਰਖ਼ਾਨਿਆਂ ਚੋਂ ਨਿਕਲਦੀਆਂ ਜ਼ਹਿਰੀਲੀਆਂ ਗੈਸਾਂ, ਲਗਾਤਾਰ ਵਧ ਰਹੀ ਅਬਾਦੀ ਅਤੇ ਕੁਦਰਤੀ ਵਸੀਲਿਆਂ ਤੇ ਵਧ ਰਹੇ ਦਬਾਅ ਕਾਰਨ ਆਲਮੀ ਤਪਸ਼ (ਗਲੋਬਲ ਵਾਰਮਿੰਗ) ਵੱਧ ਰਹੀ ਹੈ। ਨਤੀਜੇ ਵਜੋਂ ਗਲੇਸ਼ੀਅਰ ਪਿਘਲ ਰਹੇ ਹਨ, ਸਮੁੰਦਰ ਦੀ ਸਤਹ ਉਚੇਰੀ ਹੋ ਰਹੀ ਹੈ, ਟਾਪੂ ਡੁੱਬ ਰਹੇ ਹਨ ਤੇ ਸਮੁੰਦਰਾਂ ਕੰਢੇ ਵਸੇ ਸ਼ਹਿਰਾਂ ਦੀ ਹੋਂਦ ਖਤਰੇ ਵਿੱਚ ਪੈ ਰਹੀ ਹੈ। ਕਾਲਜ ਦੇ **'ਈਕੋ ਕਲੱਬ'** ਦਾ ਮਕਸਦ ਵਿਦਿਆਰਥੀਆਂ ਨੂੰ ਅਜਿਹੀਆਂ ਵਾਤਾਵਰਨਿਕ ਤਬਦੀਲੀਆਂ ਤੋਂ ਜਾਣੂੰ ਕਰਾਉਣਾ ਅਤੇ ਉਨ੍ਹਾਂ ਨੂੰ ਈਕੋ-ਅੰਬੈਸਡਰਾਂ ਵਜੋਂ ਕਾਰਜ ਕਰਨ ਲਈ ਪ੍ਰੇਰਿਤ ਕਰਨਾ ਹੈ।

## ਫੋਟੋਗ੍ਰਾਫੀ ਕਲੱਬ (Photography Club)

ਹਰ ਇਨਸਾਨ ਜੀਵਨ ਦੇ ਯਾਦਗਾਰੀ ਪਲਾਂ ਨੂੰ ਮੁੜ ਮੁੜ ਵੇਖਣ/ਮਾਣਨ ਲਈ ਉਤਸੁਕ ਰਹਿੰਦਾ ਹੈ। ਫੋਟੋਗ੍ਰਾਫੀ ਇੱਕ ਅਜਿਹਾ ਕਲਾਤਮਿਕ ਮਾਧਿਅਮ ਹੈ ਜਿਸ ਰਾਹੀਂ ਵਰਤਮਾਨ ਦੀਆਂ ਘਟਨਾਵਾਂ/ਚਿਹਰਿਆਂ ਅਤੇ ਸਰਗਰਮੀਆਂ ਨੂੰ ਭਵਿੱਖ ਲਈ ਪੱਕੇ ਤੌਰ ਤੇ ਸਾਂਭਿਆ ਜਾ ਸਕਦਾ ਹੈ। ਕਾਲਜ ਦਾ **'ਫੋਟੋਗ੍ਰਾਫੀ ਕਲੱਬ'** ਇੱਕ ਅਜਿਹਾ ਮੰਚ ਹੈ ਜਿੱਥੇ ਉੱਭਰਦੇ ਫੋਟੋ ਕਲਾਕਾਰ ਜੀਵਨ ਦੇ ਯਾਦਗਾਰੀ ਪਲਾਂ ਨੂੰ ਕੈਮਰੇ ਰਾਹੀਂ ਸੰਭਾਲਣ ਦੀ ਪ੍ਰੇਰਨਾ ਅਤੇ ਸਿਖਲਾਈ ਹਾਸਲ ਕਰਦੇ ਹਨ।

## ਜਨਰਲ ਸਟਡੀਜ਼ ਸਰਕਲ (General Studies Circle)

ਇਹ ਸਰਕਲ ਇੱਕ ਅਜਿਹਾ ਮੰਚ ਹੈ ਜਿੱਥੇ ਨੌਜਵਾਨ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ ਨਾਲ ਸਬੰਧਿਤ ਗਿਆਨ ਪ੍ਰਦਾਨ ਕਰਵਾਉਂਦੀਆਂ ਪੁਸਤਕਾਂ ਅਤੇ ਰਸਾਲਿਆਂ ਨਾਲ ਸਾਂਝ ਪਾਉਣ ਲਈ ਅਗਵਾਈ ਅਤੇ ਅਵਸਰ ਮਿਲਦਾ ਹੈ। ਅਜਿਹਾ ਕਰਕੇ ਜਿੱਥੇ ਇਹ ਵਿਦਿਆਰਥੀ ਮੁਕਾਬਲੇ ਦੇ ਇਮਤਿਹਾਨਾਂ ਲਈ ਆਪਣੇ ਆਪ ਨੂੰ ਤਿਆਰ ਕਰਦੇ ਹਨ, ਉੱਥੇ ਆਪਣੀ ਰੈਗੂਲਰ ਪੜ੍ਹਾਈ ਵਿੱਚ ਵੀ ਵਧੀਆ ਕਾਰਗੁਜ਼ਾਰੀ ਵਿਖਾਉਂਦੇ ਹਨ। ਸੂਝ-ਸਿਆਣਪ ਅਤੇ ਗਿਆਨ ਦੀ ਪ੍ਰਾਪਤੀ ਜੀਵਨ ਭਰ ਚੱਲਣ ਵਾਲੀ ਪ੍ਰਕਿਰਿਆ ਹੈ ਅਤੇ ਪੁਸਤਕਾਂ ਦਾ ਇਸ ਪ੍ਰਕਿਰਿਆ ਵਿੱਚ ਅਹਿਮ ਯੋਗਦਾਨ ਹੈ। ਇਸ ਸਰਕਲ ਦੀਆਂ ਸਰਗਰਮੀਆਂ ਨੌਜਵਾਨਾਂ ਵਿੱਚ ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਸਹਾਈ ਹੋਣਗੀਆਂ।

## ਵਿਦਿਆਰਥੀ ਸਭਾਵਾਂ (Departmental Students' Societies)

ਕਾਲਜ ਦੇ ਵੱਖ-ਵੱਖ ਵਿਭਾਗਾਂ ਵੱਲੋਂ ਵਿਦਿਆਰਥੀਆਂ ਨੂੰ ਸਹਿ-ਵਿਦਿਅਕ ਸਰਗਰਮੀਆਂ ਵਿੱਚ ਸ਼ਾਮਲ ਹੋਣ ਦੇ ਅਵਸਰ ਪ੍ਰਦਾਨ ਕਰਨ ਲਈ ਹੇਠ ਲਿਖੀਆਂ ਸਭਾਵਾਂ ਸਥਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਰਾਹੀਂ ਵਿਦਿਆਰਥੀ ਵਿਸ਼ੇਸ਼ ਲੈਕਚਰ/ ਵਰਕਸ਼ਾਪਾਂ/ ਲੇਖਕ-ਮਿਲਣੀਆਂ/ ਵਿਦਿਅਕ ਟੂਰ/ ਵਿਦਿਅਕ ਮੁਕਾਬਲੇ ਤੇ ਸੈਮੀਨਾਰ ਆਦਿ ਆਯੋਜਿਤ ਕਰਦੇ ਹਨ:

1. Chemical Society
2. Biological Society
3. Ramanujan Maths Society
4. Punjabi Sahit Sabha
5. Hindi Sahitya Sabha
6. Arcadia-English Literary Society
7. Jagriti Society of Social Sciences
8. Manthan-Management Thinkers & Analysts
9. Modi Commerce Club
10. Computer Society

## ਸਕਾਲਰਸ਼ਿਪਸ ਅਤੇ ਫਰੀਸ਼ਿਪਸ

### (Scholarships and Freeships)

- ਪੰਜਾਬੀ ਯੂਨੀਵਰਸਿਟੀ/ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵਲੋਂ ਵਿਦਿਆਰਥੀਆਂ ਲਈ ਪ੍ਰਵਾਨਿਤ ਸਕਾਲਰਸ਼ਿਪਸ ਅਤੇ ਫਰੀਸ਼ਿਪਸ ਨਿਯਮਾਂ ਅਨੁਸਾਰ ਇਸ ਕਾਲਜ ਵਿਚ ਉਪਲਬਧ ਹਨ।
- ਲੋੜਵੰਦ ਤੇ ਬੇਸਹਾਰਾ ਵਿਦਿਆਰਥੀਆਂ ਲਈ **'ਸਰਬਤ ਦਾ ਭਲਾ ਟ੍ਰਸਟ'** ਵੱਲੋਂ ਦਿੱਤੇ ਜਾਂਦੇ ਸਕਾਲਰਸ਼ਿਪਸ ਕਾਲਜ ਵਿੱਚ ਉਪਲਬਧ ਹਨ।
- ਇਕ ਜਮਾਤ ਦੇ 5% ਵਿਦਿਆਰਥੀਆਂ ਦੀ ਸੀਮਤ ਗਿਣਤੀ ਤੱਕ ਫਰੀਸ਼ਿਪਸ ਤੇ ਹਾਫ਼ ਫਰੀਸ਼ਿਪਸ ਯੋਗ ਤੇ ਲੋੜਵੰਦ ਵਿਦਿਆਰਥੀਆਂ ਲਈ ਉਪਲਬਧ ਹਨ। ਇਸ ਤੋਂ ਇਲਾਵਾ ਯੋਗ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਾਲੀ ਸਹਾਇਤਾ ਲਈ ਹੋਰ ਵਿਸ਼ੇਸ਼ ਉਪਰਾਲੇ ਵੀ ਕੀਤੇ ਜਾਂਦੇ ਹਨ।

ਫੀਸ ਮਾਫੀ ਸੰਬੰਧੀ ਵਿਦਿਆਰਥੀਆਂ ਨੂੰ ਨੋਟਿਸ ਬੋਰਡ ਤੇ ਸੂਚਿਤ ਕੀਤਾ ਜਾਵੇਗਾ। ਵਿਦਿਆਰਥੀਆਂ ਵਲੋਂ ਆਏ ਬਿਨੈ-ਪੱਤਰਾਂ ਉੱਪਰ ਫੀਸ ਮਾਫੀ ਕਮੇਟੀ ਵਿਚਾਰ ਕਰੇਗੀ। ਫੇਲ੍ਹ ਅਤੇ ਕੰਪਾਰਟਮੈਂਟ/ਰੀਅਪੀਅਰ ਵਾਲੇ ਵਿਦਿਆਰਥੀ ਅਜਿਹੀਆਂ ਸਹੂਲਤਾਂ ਲਈ ਯੋਗ ਨਹੀਂ ਹਨ।

ਜੇਕਰ ਕੋਈ ਵਿਦਿਆਰਥੀ ਇਹ ਸਹੂਲਤਾਂ ਪ੍ਰਾਪਤ ਕਰਦਿਆਂ ਯੂਨੀਵਰਸਿਟੀ ਇਮਤਿਹਾਨ ਦੇਣ ਤੋਂ ਪਹਿਲਾਂ ਹੀ ਕਾਲਜ ਛੱਡ ਕੇ ਜਾਂ ਮਾਈਗਰੇਸ਼ਨ ਕਰਵਾ ਕੇ ਚਲਾ ਜਾਂਦਾ ਹੈ ਤਾਂ ਉਸਨੂੰ ਇਸ ਸਹੂਲਤ (ਕਨਸੈਸ਼ਨ) ਦੀ ਸਾਰੀ ਰਕਮ, ਪਿਛਲੀ ਮਿਤੀ ਤੋਂ ਕਾਲਜ ਨੂੰ ਵਾਪਸ ਦੇਣੀ ਪਵੇਗੀ।

## ਦਾਖਲੇ ਦੇ ਨਿਯਮ (Admission Rules)

1. ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਅਧਿਨਿਯਮਾਂ ਅਨੁਸਾਰ ਸਾਰੀਆਂ ਰਾਖਵੀਆਂ ਸੀਟਾਂ ਇਸ ਕਾਲਜ ਵਿਚ ਉਪਲਬਧ ਹਨ।
2. ਲੜਕੇ ਅਤੇ ਲੜਕੀਆਂ ਦੋਹਾਂ ਲਈ ਮੈਰਿਟ ਦੇ ਆਧਾਰ ਤੇ ਦਾਖਲਾ ਖੁੱਲ੍ਹਾ ਹੈ।
3. ਸਾਰੀਆਂ ਜਮਾਤਾਂ ਲਈ ਬਿਨੈ-ਪੱਤਰ ਨਿਸ਼ਚਿਤ ਦਾਖਲਾ ਫਾਰਮ ਉਪਰ ਹੀ ਦਿੱਤੇ ਜਾਣ।
4. **ਦਾਖ਼ਲਾ ਫ਼ਾਰਮ ਬਿਨੈਕਾਰ ਦੁਆਰਾ, ਪੂਰੀ ਤਰ੍ਹਾਂ ਤੇ ਸਾਫ਼-ਸਾਫ਼ ਆਪਣੇ ਹੱਥ ਨਾਲ ਭਰਿਆ ਜਾਵੇ। ਆਪਣੇ ਨਾਂ ਦੇ ਸ਼ਬਦ ਜੋੜ (Spellings) ਦਸਵੀਂ ਜਮਾਤ ਦੇ ਸਰਟੀਫਿਕੇਟ ਅਨੁਸਾਰ ਹੀ ਲਿਖੇ ਜਾਣ।**
5. ਪੰਜਾਬੀ ਯੂਨੀਵਰਸਿਟੀ ਨਿਯਮਾਂ ਅਨੁਸਾਰ ਤੀਜੇ ਤੇ ਪੰਜਵੇਂ ਸਮੈਸਟਰ ਵਿਚ ਦਾਖਲ ਹੋਣ ਲਈ ਪਿਛਲੇ ਸਮੈਸਟਰਾਂ ਦੇ ਕੁੱਲ ਪੇਪਰਾਂ ਵਿਚੋਂ 50% ਪੇਪਰਾਂ ਵਿਚ ਪਾਸ ਹੋਣਾ ਲਾਜ਼ਮੀ ਹੈ। ਪਿਛਲੇ ਸਮੈਸਟਰ ਦਾ ਨਤੀਜਾ ਲੇਟ ਹੋਣ ਦੀ ਸੂਰਤ ਵਿਚ ਦਾਖਲਾ ਆਰਜ਼ੀ (Provisional) ਕੀਤਾ ਜਾਵੇਗਾ। ਪਰੰਤੂ ਅਜਿਹੇ ਵਿਦਿਆਰਥੀ ਤੀਜੇ ਤੇ ਪੰਜਵੇਂ ਸਮੈਸਟਰ ਦੀ ਪਰੀਖਿਆ ਵਿਚ ਤਾਂ ਹੀ ਬੈਠ ਸਕਣਗੇ ਜੇਕਰ ਉਹ ਪਿਛਲੇ ਸਮੈਸਟਰਾਂ ਦੇ 50 % ਪੇਪਰਾਂ ਵਿਚ ਪਾਸ ਹੋਣ।
6. ਜਿਨ੍ਹਾਂ ਵਿਦਿਆਰਥੀਆਂ ਦਾ ਨਤੀਜਾ ਲੇਟ ਘੋਸ਼ਿਤ ਹੁੰਦਾ ਹੈ, ਉਨ੍ਹਾਂ ਦਾ ਦਾਖ਼ਲਾ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਹੋ ਸਕਦਾ ਹੈ। ਇਸ ਤੋਂ ਬਾਅਦ ਉਹ ਦਾਖਲਾ ਲੈਣ ਦੇ ਯੋਗ ਨਹੀਂ। **(Refer Page 19 - Rule IV)**
7. ਹੇਠ ਲਿਖੀਆਂ ਤਸਦੀਕਸ਼ੁਦਾ ਕਾਪੀਆਂ ਫਾਰਮ ਨਾਲ ਲਗਾਈਆਂ ਜਾਣ:

i) ਮੈਟ੍ਰਿਕ, XII, ਬੀ ਏ/ਬੀ ਕਾਮ/ ਬੀ ਐਸ-ਸੀ ਭਾਗ-I/II ਦੇ ਸਰਟੀਫਿਕੇਟ ਤੇ ਡੀਟੇਲ-ਮਾਰਕਸ ਕਾਰਡ ਦੀ ਤਸਦੀਕਸ਼ੁਦਾ ਕਾਪੀ।

ii) ਪਿਛਲੀ ਸੰਸਥਾ ਦੇ ਮੁਖੀ ਤੋਂ ਪ੍ਰਾਪਤ ਆਚਰਣ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ।

iii) ਜੇਕਰ ਕਿਸੇ ਵਿਦਿਆਰਥੀ ਨੇ ਖਿਡਾਰੀ, ਵਕਤਾ, ਗਾਇਕ, ਅਭਿਨੇਤਾ, ਕਲਾਕਾਰ ਜਾਂ ਸਮਾਜ ਸੇਵਕ ਵਜੋਂ ਕੋਈ ਵਿਲੱਖਣ ਪ੍ਰਾਪਤੀ ਕੀਤੀ ਹੋਵੇ ਤਾਂ ਇਸ ਮੰਤਵ ਲਈ ਸੰਸਥਾ ਦੇ ਮੁਖੀ ਵਲੋਂ ਮਿਲੇ ਮੈਰਿਟ ਸਰਟੀਫਿਕੇਟ ਦੀ ਕਾਪੀ।

iv) ਅਨੁਸੂਚਿਤ ਜਾਤੀ/ਕਬੀਲਾ/ਪੱਛੜੀ ਸ਼੍ਰੇਣੀ ਦੇ ਕੇਸ ਵਿਚ ਤਹਿਸੀਲਦਾਰ/ਭਲਾਈ ਅਫਸਰ ਦੀ ਪਦਵੀ ਦੇ ਬਰਾਬਰ ਦੇ ਰੈਵਿਨਿਊ ਅਫਸਰ ਤੋਂ ਪ੍ਰਾਪਤ ਸਰਟੀਫਿਕੇਟ ਅਤੇ ਮਾਪਿਆਂ ਵੱਲੋਂ ਆਮਦਨ ਬਾਰੇ ਹਲਫੀਆ ਬਿਆਨ, ਜਿਸ ਉੱਪਰ ਦਾਖਲਾ ਫਾਰਮ ਵਿਚ ਦਰਸਾਏ ਗਏ ਅਧਿਕਾਰੀ ਦੇ ਪ੍ਰਤੀ ਹਸਤਾਖਰ ਹੋਣ, ਦੀਆਂ ਤਸਦੀਕਸ਼ੁਦਾ ਕਾਪੀਆਂ (ਉਪਰੋਕਤ ਸਰਟੀਫਿਕੇਟ ਅਤੇ ਹਲਫੀਆ ਬਿਆਨ ਨਾ ਹੋਣ ਦੀ ਸੂਰਤ ਵਿਚ ਅਨੁਸੂਚਿਤ ਜਾਤੀ ਜਾਂ ਪਛੜੀ ਸ਼੍ਰੇਣੀ ਦੇ ਆਧਾਰ ਤੇ ਮਿਲਣ ਵਾਲੀ ਫੀਸ ਮਾਫੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ) ।

v) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਤਰਤਾ ਸਰਟੀਫਿਕੇਟ (ਜੇ ਲਾਗੂ ਹੋਵੇ)

vi) ਦੂਸਰੀ ਯੂਨੀਵਰਸਿਟੀ/ਕਾਲਜ ਤੋਂ ਮਾਈਗਰੇਸ਼ਨ ਵਾਲੇ ਵਿਦਿਆਰਥੀਆਂ ਲਈ ਮਾਈਗਰੇਸ਼ਨ ਜਾਂ ਡਿਸਚਾਰਜ ਸਰਟੀਫਿਕੇਟ। ਅਸਲ ਮਾਈਗਰੇਸ਼ਨ ਸਰਟੀਫਿਕੇਟ ਅਤੇ DMC ਦਾਖਲੇ ਦੇ 15 ਦਿਨ ਦੇ ਅੰਦਰ ਅੰਦਰ ਹਰ ਹਾਲਤ ਵਿਚ ਦਫ਼ਤਰ ਵਿਚ ਜਮ੍ਹਾਂ ਕਰਾਉਣੇ ਲਾਜ਼ਮੀ ਹਨ।

8. ਚੁਣੇ ਗਏ ਵਿਦਿਆਰਥੀਆਂ ਨੂੰ ਤੁਰੰਤ ਫੀਸ ਜਮ੍ਹਾਂ ਕਰਾਉਣੀ ਪਵੇਗੀ, ਨਹੀਂ ਤਾਂ ਉਨ੍ਹਾਂ ਦਾ ਦਾਖਲੇ ਲਈ ਦਾਅਵਾ (ਕਲੇਮ) ਖਤਮ ਹੋ ਜਾਵੇਗਾ।

NO RAGGING

**WARNING AGAINST RAGGING**

As per the directions of the
**Hon'ble Supreme Court of India,**
Ragging is the criminal offence and is totally banned and anyone found guilty of indulging in ragging and/or abetting ragging is liable to be severely punished.

## Women Cell

All female staff members and female students can approach this cell for the early redressal of their grievances. It is constituted in such a manner that they can raise all gender issues without any inhibition and help the college administration in taking correct decisions without any delay. It ensures that all ladies and girls do not encounter any difficulty during their stay in the college.

## ਵਿਦਿਆਰਥੀਆਂ ਲਈ ਜ਼ਰੂਰੀ ਸੂਚਨਾਵਾਂ

### ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ:

i) ਵਿਦਿਆਰਥੀ ਹੇਠ ਲਿਖੀਆਂ ਹਾਲਤਾਂ ਵਿੱਚ **ਪੰਜਾਬੀ (ਲਾਜ਼ਮੀ)** ਦੀ ਥਾਂ ਤੇ **ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)** ਦਾ ਵਿਸ਼ਾ ਪੜ੍ਹ ਸਕਦੇ ਹਨ:

(ੳ) ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ।

(ਅ) ਡਿਫੈਂਸ ਪਰਸੋਨੇਲ/ਪੈਰਾ ਮਿਲਟਰੀ ਪਰਸੋਨਲ (ਰਿਟਾਇਰਡ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਤਾਂ ਮਾਤਾ ਜਾਂ ਗਾਰਡੀਅਨ ਵੀ ਐਫੀਡੇਵਿਟ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ।

ਸੰਬੰਧਿਤ ਵਿਦਿਆਰਥੀ ਦਾਖਲ ਹੋਣ ਤੋਂ 15 ਦਿਨਾਂ ਦੇ ਅੰਦਰ ਅੰਦਰ ਲੋੜੀਂਦੇ ਦਸਤਾਵੇਜ਼ਾਂ ਸਮੇਤ ਆਪਣੇ ਕੇਸ ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ ਤਾਂ ਕਿ ਉਹਨਾਂ ਦੇ ਕੇਸ ਪ੍ਰਵਾਨਗੀ ਲਈ ਪੰਜਾਬੀ ਯੂਨੀਵਰਸਿਟੀ ਨੂੰ ਸਮੇਂ ਸਿਰ ਭੇਜੇ ਜਾ ਸਕਣ।

The following categories of candidates shall be allowed to opt for the paper of Punjabi (Elementary knowledge) in lieu of Punjabi Compulsory in BA/BSc/BCom and other related courses:

a Candidates who have passed their Matriculation examination from the Schools/Institutions situated outside the state of Punjab.

b Wards of Defence / Paramilitary personnel

The concerned students must submit their relevant papers in the college office within 15 days of the admission. Only then their cases will be sent to the University for approval.

ii) ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਬੋਰਡ ਆਫ਼ ਸਕੂਲ ਐਜੂਕੇਸ਼ਨ, ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ਼ ਸਕੂਲ ਐਜੂਕੇਸ਼ਨ, ਸੀ.ਬੀ.ਐਸ.ਈ. ਅਤੇ ਆਈ.ਸੀ.ਐਸ.ਈ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਕੀਤੇ ਜਾਣ ਵਾਲੇ ਦਾਖ਼ਲੇ ਕਰਨ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ (Eligibiligy) ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ। ਪਾਤਰਤਾ ਸਰਟੀਫ਼ਿਕੇਟ ਲਏ ਬਿਨਾਂ ਕੀਤੇ ਗਏ ਦਾਖਲਿਆਂ ਦੀ ਪ੍ਰਵਾਨਗੀ ਯੂਨੀਵਰਸਿਟੀ ਵੱਲੋਂ ਕਿਸੇ ਵੀ ਸੂਰਤ ਵਿੱਚ ਨਹੀਂ ਦਿੱਤੀ ਜਾਵੇਗੀ।

iii) ਜਿਹੜੇ ਵਿਦਿਆਰਥੀ ਕੋਈ ਵੀ ਪਰੀਖਿਆ ਬਾਹਰਲੇ ਬੋਰਡ/ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕਿਸੇ ਕੋਰਸ/ਕਲਾਸ ਵਿੱਚ ਦਾਖਲਾ ਲੈਂਦੇ ਹਨ ਅਜਿਹੇ ਵਿਦਿਆਰਥੀਆਂ ਦੇ ਡੈਫੀਸੈਂਟ ਪੇਪਰ ਕਢਵਾਉਣ ਸਬੰਧੀ:

| | |
|---|---|
| ਬਿਨਾਂ ਲੇਟ ਫੀਸ | 30-9-2015 ਤੱਕ |
| 2000/-ਰੁ: ਲੇਟ ਫੀਸ ਨਾਲ | 01-10-15 ਤੋਂ 30-10-15 ਤੱਕ |
| 5000/-ਰੁ: ਲੇਟ ਫੀਸ ਨਾਲ | 31-10-2015 ਤੋਂ 31-03-2016 |

iv) ਸੈਸ਼ਨ 2015-16 ਤੋਂ ਸਾਲਾਨਾ/ਸਮੈਸਟਰ ਪ੍ਰਣਾਲੀ ਅਧੀਨ ਵੱਖ-ਵੱਖ ਕੋਰਸਾਂ ਵਿੱਚ **ਪੁਨਰ-ਮੁਲਾਂਕਣ** ਦੇ ਆਧਾਰ ਤੇ ਅਗਲੀ ਕਲਾਸ ਵਿੱਚ ਦਾਖ਼ਲਾ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਕਰਨ ਦੀ ਸੁਵਿਧਾ ਸਮੈਸਟਰ ਸਿਸਟਮ ਅਧੀਨ 15-9-2015 ਅਤੇ ਸਾਲਾਨਾ ਪ੍ਰਣਾਲੀ ਅਧੀਨ 30-11-2015 ਹੋਵੇਗੀ। ਇਸ ਉਪਰੰਤ ਪੁਨਰ-ਮੁਲਾਂਕਣ ਦੇ ਆਧਾਰ ਤੇ ਵੱਖ-ਵੱਖ ਕੋਰਸਾਂ (ਸਾਲਾਨਾ ਪ੍ਰਣਾਲੀ) ਦੇ ਲੇਟ ਘੋਸ਼ਿਤ ਹੋਏ ਨਤੀਜੇ ਦੀ ਸੂਰਤ ਵਿੱਚ ਦਾਖ਼ਲੇ ਲਈ ਕੋਈ ਕੇਸ ਨਹੀਂ ਵਿਚਾਰਿਆ ਜਾਵੇਗਾ।

### ਡਾਕਟਰੀ ਮੁਆਇਨਾ (Medical Examination)

ਕਾਲਜ ਵਿਚ ਹਰੇਕ ਵਿਦਿਆਰਥੀ ਦਾ ਮੁਕੰਮਲ ਡਾਕਟਰੀ ਮੁਆਇਨਾ ਕੀਤਾ ਜਾਂਦਾ ਹੈ ਅਤੇ ਲੋੜੀਂਦੀ ਸਲਾਹ ਵੀ ਦਿੱਤੀ ਜਾਂਦੀ ਹੈ। ਪ੍ਰਿੰਸੀਪਲ ਦੁਆਰਾ ਨਿਰਧਾਰਤ ਕੀਤੇ ਸਮੇਂ ਤੇ ਡਾਕਟਰ ਹਰ ਰੋਜ਼ ਕਾਲਜ ਵਿਚ ਹਾਜ਼ਰ ਰਹਿੰਦਾ ਹੈ।

### ਘਰੇਲੂ ਪਰੀਖਿਆ (House Examination)

ਅਕਾਦਮਿਕ ਸੈਸ਼ਨ ਦੌਰਾਨ ਲਈ ਜਾਣ ਵਾਲੀ ਘਰੇਲੂ ਪਰੀਖਿਆ ਵਿਚੋਂ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਅੰਕ ਪ੍ਰਾਪਤ ਕਰਨੇ ਲਾਜ਼ਮੀ ਹਨ। ਜੇਕਰ ਕੋਈ ਵਿਦਿਆਰਥੀ ਘਰੇਲੂ ਪਰੀਖਿਆ ਵਿਚੋਂ ਗੈਰ ਹਾਜ਼ਰ ਰਹਿੰਦਾ ਹੈ ਜਾਂ ਲੋੜੀਂਦੇ ਅੰਕ ਪ੍ਰਾਪਤ ਨਹੀਂ ਕਰਦਾ ਤਾਂ ਉਸ ਨੂੰ ਯੂਨੀਵਰਸਿਟੀ ਪਰੀਖਿਆ ਵਿਚ ਬੈਠਣ ਦੀ ਇਜਾਜ਼ਤ ਨਹੀਂ ਹੋਵੇਗੀ। ਕੇਵਲ ਬਿਮਾਰੀ ਦੀ ਹਾਲਤ ਜਾਂ ਕਿਸੇ ਵਿਸ਼ੇਸ਼ ਕੇਸ ਵਿਚ ਪ੍ਰਿੰਸੀਪਲ ਸਾਹਿਬ ਦੀ ਅਗਾਊਂ ਆਗਿਆ ਨਾਲ ਗ਼ੈਰਹਾਜ਼ਰ ਰਹੇ ਵਿਦਿਆਰਥੀਆਂ ਲਈ ਵਿਸ਼ੇਸ਼ ਘਰੇਲੂ ਪਰੀਖਿਆ ਦਾ ਪ੍ਰਬੰਧ ਕੀਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਗ਼ੈਰਹਾਜ਼ਰ ਰਹੇ ਜਾਂ ਲੋੜੀਂਦੇ ਅੰਕ ਪ੍ਰਾਪਤ ਨਾ ਕਰ ਸਕਣ ਵਾਲੇ ਵਿਦਿਆਰਥੀਆਂ ਵੱਲੋਂ ਬੇਨਤੀ ਕੀਤੇ ਜਾਣ 'ਤੇ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਨਾਲ ਵਿਸ਼ੇਸ਼ ਪਰੀਖਿਆ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਅਜਿਹੇ ਵਿਦਿਆਰਥੀਆਂ ਨੂੰ ਕਾਲਜ ਪ੍ਰਸ਼ਾਸਨ ਵੱਲੋਂ ਮੁਕੱਰਰ ਕੀਤੀ ਪੁਨਰ-ਪਰੀਖਿਆ ਫੀਸ (Re-examination Fee) ਜਮ੍ਹਾਂ ਕਰਾਉਣੀ ਪਵੇਗੀ।

### ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ:

ਯੂਨੀਵਰਸਿਟੀ ਦੀ ਪਰੀਖਿਆ ਵਿਚ ਬੈਠਣ ਲਈ ਹਰੇਕ ਵਿਦਿਆਰਥੀ ਨੂੰ ਘਰੇਲੂ ਪਰੀਖਿਆ ਅਤੇ ਹਾਜ਼ਰੀਆਂ ਸੰਬੰਧੀ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ:

1. ਯੂਨੀਵਰਸਿਟੀ ਪਰੀਖਿਆ ਦੀ ਪਾਤਰਤਾ ਲਈ ਘਰੇਲੂ ਪਰੀਖਿਆ ਵਿਚ ਡਿਗਰੀ ਕਲਾਸਾਂ ਦੇ ਵਿਦਿਆਰਥੀਆਂ ਨੂੰ ਸਾਰੇ ਵਿਸ਼ਿਆਂ ਦੇ ਕੁਲ ਅੰਕਾਂ ਵਿਚੋਂ 25% ਜਾਂ ਹਰੇਕ ਵਿਸ਼ੇ ਵਿਚੋਂ 25% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।
2. ਹਰ ਵਿਦਿਆਰਥੀ ਨੂੰ ਹਰ ਪੇਪਰ ਵਿਚ ਨਿਰਧਾਰਤ ਪੀਰੀਅਡਾਂ ਦੇ ਡਲਿਵਰਡ ਲੈਕਚਰਾਂ ਵਿਚ 75% ਹਾਜ਼ਰੀਆਂ ਲਾਉਣੀਆਂ ਜ਼ਰੂਰੀ ਹੋਣਗੀਆਂ। ਹਾਜ਼ਰੀਆਂ ਵਿਚ ਛੋਟ ਦੇਣ ਦਾ ਅਧਿਕਾਰ ਹੇਠ ਲਿਖੇ ਅਨੁਸਾਰ ਹੋਵੇਗਾ:

ਕਾਲਜ ਦੇ ਪ੍ਰਿੰਸੀਪਲ ਸਾਹਿਬ 6% ਤੱਕ ਦੀ ਛੋਟ ਦੇ ਸਕਦੇ ਹਨ। ਇਸ ਉਪਰੰਤ 6% ਹਾਜ਼ਰੀਆਂ ਵਿਚ ਛੋਟ ਇਸ ਮੰਤਵ ਲਈ ਗਠਿਤ ਕਮੇਟੀ ਵਲੋਂ ਦਿੱਤੀ ਜਾ ਸਕੇਗੀ।

## ਛੁੱਟੀ ਦੇ ਨਿਯਮ (Leave Rules)

1. ਕਿਸੇ ਵੀ ਵਿਸ਼ੇ ਵਿਚ ਦਸ ਦਿਨਾਂ ਤੱਕ ਬਿਨਾਂ ਛੁੱਟੀ ਗ਼ੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਦੇ ਨਾਂ ਕਾਲਜ ਦੇ ਰਜਿਸਟਰ ਵਿਚੋਂ ਕੱਟ ਦਿੱਤੇ ਜਾਣਗੇ।
2. ਬਿਮਾਰੀ ਦੀ ਸੂਰਤ ਵਿਚ ਛੁੱਟੀ ਦੀ ਅਰਜ਼ੀ ਨਾਲ ਪ੍ਰਵਾਨਿਤ ਡਾਕਟਰ ਦਾ ਡਾਕਟਰੀ ਸਰਟੀਫਿਕੇਟ ਲਾਉਣਾ ਜ਼ਰੂਰੀ ਹੈ। ਇਹ ਸਰਟੀਫਿਕੇਟ ਬਿਮਾਰੀ ਮਗਰੋਂ ਹਾਜ਼ਰ ਹੋਣ ਸਮੇਂ ਦੇਣਾ ਜ਼ਰੂਰੀ ਹੈ।
3. ਛੁੱਟੀ ਦੀ ਅਰਜ਼ੀ ਉਪਰ ਵਿਦਿਆਰਥੀ ਅਤੇ ਉਸ ਦੇ ਪਿਤਾ/ਸਰਪ੍ਰਸਤ ਦੇ ਹਸਤਾਖਰ ਹੋਣੇ ਜ਼ਰੂਰੀ ਹਨ।
4. ਹਰ ਪ੍ਰਕਾਰ ਦੀ ਛੁੱਟੀ ਸੰਬੰਧਿਤ ਡੀਨ ਦੁਆਰਾ ਪ੍ਰਵਾਨ ਕੀਤੀ ਜਾਵੇਗੀ।
5. ਡਿਊਟੀ-ਲੀਵ ਤੋਂ ਇਲਾਵਾ ਕਿਸੇ ਪ੍ਰਕਾਰ ਦੀ ਛੁੱਟੀ ਨੂੰ ਲੈਕਚਰਾਂ ਤੋਂ ਛੋਟ ਨਹੀਂ ਮੰਨਿਆ ਜਾਵੇਗਾ।

## ਲਾਇਬਰੇਰੀ ਨਿਯਮ (Library Rules)

1. ਲਾਇਬਰੇਰੀ ਮਹੀਨੇ ਦੇ ਆਖਰੀ ਸ਼ਨਿਚਰਵਾਰ ਤੋਂ ਸਿਵਾਏ ਹਫਤੇ ਦੇ ਸਾਰੇ ਦਿਨ 9 ਤੋਂ 4 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ।
2. ਵਿਦਿਆਰਥੀ ਇਕੋ ਸਮੇਂ 14 ਦਿਨ ਲਈ ਦੋ ਪੁਸਤਕਾਂ ਲੈ ਸਕਦੇ ਹਨ।
3. ਜੇ ਕਿਸੇ ਪੁਸਤਕ ਦੀ ਕਿਸੇ ਹੋਰ ਵਿਦਿਆਰਥੀ ਵਲੋਂ ਮੰਗ ਨਾ ਹੋਵੇ ਤਾਂ ਉਹ ਮੁੜ ਜਾਰੀ ਕੀਤੀ ਜਾ ਸਕਦੀ ਹੈ।
4. ਲੋੜੀਂਦੇ ਸਮੇਂ ਤੋਂ ਵੱਧ ਰੱਖੀਆਂ ਪੁਸਤਕਾਂ ਤੇ 50 ਪੈਸੇ ਪ੍ਰਤੀ ਦਿਨ, ਪ੍ਰਤੀ ਪੁਸਤਕ, ਜੁਰਮਾਨਾ ਲਿਆ ਜਾਂਦਾ ਹੈ। ਜੇ ਪੁਸਤਕਾਂ ਮੰਗਣ ਤੇ ਵੀ ਵਾਪਸ ਨਾ ਕੀਤੀਆਂ ਤਾਂ ਵਿਸ਼ੇਸ਼ ਜੁਰਮਾਨਾ ਲਿਆ ਜਾ ਸਕਦਾ ਹੈ।
5. ਪੁਸਤਕਾਂ ਉਪਰ ਨਿਸ਼ਾਨ ਲਾਉਣ ਜਾਂ ਖਰਾਬ ਕਰਨ ਦੀ ਸੂਰਤ ਵਿਚ ਜਾਂ ਤਾਂ ਪੁਸਤਕਾਂ ਦੇ ਪੈਸੇ ਭਰਨੇ ਪੈਣਗੇ ਜਾਂ ਉਨ੍ਹਾਂ ਦੇ ਬਦਲੇ ਵਿਚ ਨਵੀਆਂ ਲੈ ਕੇ ਦੇਣੀਆਂ ਪੈਣਗੀਆਂ। ਜੇ ਅਜਿਹੀ ਪੁਸਤਕ ਕਿਸੇ ਸੈੱਟ ਦੇ ਨਾਲ ਦੀ ਹੈ ਤਾਂ ਪੂਰਾ ਸੈੱਟ ਹੀ ਲੈ ਕੇ ਦੇਣਾ ਪਵੇਗਾ ਜਾਂ ਉਸ ਦੀ ਕੀਮਤ ਭਰਨੀ ਪਵੇਗੀ; ਪਰ ਜੇ ਪੁਸਤਕ ਕਿਸੇ ਧਿਰ/ਸੰਸਥਾ ਵੱਲੋਂ ਅਨੁਦਾਨ ਵਜੋਂ ਆਈ ਹੈ ਅਤੇ ਉਹ ਬਜ਼ਾਰ ਵਿਚ ਉਪਲਬਧ ਹੀ ਨਹੀਂ ਤੇ ਉਸ ਉੱਤੇ ਮੁੱਲ ਵੀ ਨਹੀਂ ਲਿਖਿਆ ਹੋਇਆ ਤਾਂ ਜੁਰਮਾਨੇ ਦਾ ਫੈਸਲਾ ਪ੍ਰਿੰਸੀਪਲ ਵੱਲੋਂ ਕੀਤਾ ਜਾਵੇਗਾ।
6. ਹਵਾਲਾ ਪੁਸਤਕਾਂ / ਸੀਮਤ ਉਪਲਬਧੀ ਵਰਗੀਆਂ ਪੁਸਤਕਾਂ ਅਤੇ ਨਵੇਂ ਰਸਾਲੇ ਬਾਹਰ ਲੈ ਜਾਣ ਲਈ ਜਾਰੀ ਨਹੀਂ ਕੀਤੇ ਜਾਣਗੇ, ਇਹ ਕੇਵਲ ਲਾਇਬਰੇਰੀ ਵਿਚ ਹੀ ਵੇਖੇ ਜਾ ਸਕਦੇ ਹਨ।
7. ਤੁਰੰਤ ਲੋੜ ਸਮੇਂ ਵਿਦਿਆਰਥੀਆਂ ਨੂੰ ਜਾਰੀ ਕੀਤੀਆਂ ਪੁਸਤਕਾਂ ਵਾਪਸ ਲਈਆਂ ਜਾ ਸਕਦੀਆਂ ਹਨ।

## ਸਾਈਕਲ-ਸਟੈਂਡ ਨਿਯਮ (Cycle Stand Rules)

1. ਕੇਵਲ ਉਹ ਵਿਦਿਆਰਥੀ ਹੀ ਆਪਣੇ ਵਾਹਨ ਸਾਈਕਲ ਸਟੈਂਡ ਤੇ ਰੱਖ ਸਕਦੇ ਹਨ, ਜਿਨ੍ਹਾਂ ਨੇ ਇਸ ਦੀ ਫੀਸ ਭਰੀ ਹੈ।
2. ਕਾਲਜ ਕੈਂਪਸ ਵਿਚ ਕਾਰ ਲਿਆਉਣਾ ਮਨ੍ਹਾ ਹੈ।
3. ਵਿਦਿਆਰਥੀ ਆਪਣੇ ਵਾਹਨ ਨੂੰ ਜਿੰਦਾ ਲਾ ਕੇ ਰੱਖਣ ਅਤੇ ਸੰਬੰਧਿਤ ਕਰਮਚਾਰੀ ਕੋਲੋਂ ਟੋਕਨ ਪ੍ਰਾਪਤ ਕਰਨ। ਅਜਿਹਾ ਨਾ ਹੋਣ ਤੀ ਸੂਰਤ ਵਿਚ ਸੰਬੰਧਿਤ ਕਰਮਚਾਰੀ ਹੋਣ ਵਾਲੇ ਕਿਸੇ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ। ਵਿਦਿਆਰਥੀ ਨੂੰ ਸਮੇਂ ਸਮੇਂ ਸੰਬੰਧਿਤ ਕਰਮਚਾਰੀ ਵੱਲੋਂ ਕਹਿਣ ਤੇ ਟੋਕਨ ਦਿਖਾਉਣਾ ਪਵੇਗਾ।
4. ਸਾਈਕਲ/ਸਕੂਟਰ/ਮੋਟਰ ਸਾਈਕਲ ਦਾ ਚੋਰੀ ਵਿਰੁੱਧ ਬੀਮਾ ਹੋਣਾ ਜ਼ਰੂਰੀ ਹੈ।

## ਜੁਰਮਾਨੇ (Fines)

1. ਗੈਰ ਹਾਜ਼ਰੀ ਲਈ ਵਿਦਿਆਰਥੀ ਨਿਮਨ ਅਨੁਸਾਰ ਜੁਰਮਾਨਾ ਭਰੇਗਾ:
   ੳ) ਕਿਸੇ ਇਕ ਪੀਰੀਅਡ, ਥੀਊਰੀ/ਟਿਊਟੋਰੀਅਲ ਲਈ 25 ਪੈਸੇ।
   ਅ) ਕਿਸੇ ਇਕ ਪ੍ਰੈਕਟੀਕਲ ਲਈ ਜਾਂ ਐਨ ਸੀ ਸੀ ਦੀ ਪਰੇਡ ਲਈ 50 ਪੈਸੇ।
2. ਘਰੇਲੂ ਇਮਤਿਹਾਨ ਵਿਚ ਗ਼ੈਰ ਹਾਜ਼ਰ ਹੋਣ ਤੇ 10 ਰੁਪਏ ਪ੍ਰਤੀ ਪਰਚਾ।

## ਕਾਲਜ ਛੱਡਣ ਦੇ ਨਿਯਮ (College Leaving Rules)

1. ਕਾਲਜ ਛੱਡਣ ਦਾ ਇੱਛੁਕ ਵਿਦਿਆਰਥੀ ਬਾਕਾਇਦਾ ਲਿਖਤੀ ਪੱਤਰ ਰਾਹੀਂ ਬੇਨਤੀ ਕਰੇਗਾ ਤੇ ਅਜਿਹੇ ਬੇਨਤੀ-ਪੱਤਰ ਉਪਰ ਮਾਪਿਆਂ/ਸਰਪ੍ਰਸਤ ਦੇ ਹਸਤਾਖਰ ਹੋਣੇ ਜ਼ਰੂਰੀ ਹਨ।
2. ਲਾਇਬਰੇਰੀ ਦੀਆਂ ਕਿਤਾਬਾਂ ਅਤੇ ਸ਼ਨਾਖਤੀ ਕਾਰਡ ਕਾਲਜ ਲਾਇਬਰੇਰੀਅਨ ਨੂੰ ਵਾਪਸ ਕਰਨੇ ਪੈਣਗੇ।
3. ਕਾਲਜ ਦੇ ਭਰਨਯੋਗ ਖਰਚੇ/ਜੁਰਮਾਨੇ ਜੋ ਵਿਦਿਆਰਥੀ ਵੱਲ ਨਿਕਲਦੇ ਹੋਣ, ਦੇਣੇ ਪੈਣਗੇ।
4. ਦਫਤਰ ਤੋਂ **ਨਾ ਬਕਾਇਆ ਸਰਟੀਫਿਕੇਟ** ਦਾ ਫਾਰਮ ਲੈ ਕੇ ਪੂਰੀ ਤਰ੍ਹਾਂ ਭਰ ਕੇ ਦਫਤਰ ਵਿਚ ਹੀ ਦੇਣਾ ਪਵੇਗਾ।
5. ਜਿਹੜੇ ਵਿਦਿਆਰਥੀ (i) ਪ੍ਰਿੰਸੀਪਲ ਦੀ ਆਗਿਆ ਤੋਂ ਬਿਨਾਂ ਕਾਲਜ ਛੱਡ ਜਾਣਗੇ ਅਤੇ ਜਾਂ (ii) ਜਿਨ੍ਹਾਂ ਵੱਲ ਲਾਇਬਰੇਰੀ ਦੀਆਂ ਕਿਤਾਬਾਂ/ਕਾਲਜ ਦੇ ਭਰਨਯੋਗ ਖਰਚੇ/ਕੋਈ ਹੋਰ ਸਮਾਨ ਬਕਾਇਆ ਹੋਇਆ, ਉਨ੍ਹਾਂ ਨੂੰ ਕਾਲਜ ਵੱਲੋਂ ਕੋਈ ਸਰਟੀਫਿਕੇਟ ਜਾਂ ਟੈਸਟੀਮੋਨੀਅਲ ਜਾਰੀ ਨਹੀਂ ਕੀਤਾ ਜਾਵੇਗਾ।

## ਜ਼ਮਾਨਤ ਰੀਫੰਡ (Refund of Security)

1. ਜ਼ਮਾਨਤ ਦੀ ਰਕਮ ਵਿਦਿਆਰਥੀ ਨੂੰ ਕਾਲਜ ਛੱਡਣ ਤੇ, ਕਿਸੇ ਹੋਰ ਸੰਸਥਾ ਵਿਚ ਮਾਈਗਰੇਸ਼ਨ ਕਰਵਾਉਣ ਤੇ ਜਾਂ ਯੂਨੀਵਰਸਿਟੀ ਪਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਉਸ ਵਲੋਂ ਮਾਪਿਆਂ/ਸਰਪ੍ਰਸਤ ਰਾਹੀਂ ਹਸਤਾਖ਼ਰ ਕੀਤੇ ਬਿਨੈ-ਪੱਤਰ ਦੇਣ ਤੇ ਵਾਪਸ ਦਿੱਤੀ ਜਾਵੇਗੀ।
2. ਜੇਕਰ ਕਾਲਜ ਛੱਡਣ ਤੋਂ ਇਕ ਸਾਲ ਦੇ ਵਿਚ ਜ਼ਮਾਨਤ ਦੀ ਰਕਮ ਵਾਪਸ ਨਹੀਂ ਲਈ ਜਾਂਦੀ ਤਾਂ ਇਹ ਜ਼ਬਤ ਹੋ ਜਾਵੇਗੀ।

## ਫੁਟਕਲ ਨਿਯਮ (Misc Rules)

1. **ਰੈਗਿੰਗ ਕਰਨਾ ਕਾਨੂੰਨੀ ਅਪਰਾਧ ਹੈ। ਕਾਲਜ ਵਿਚ ਰੈਗਿੰਗ ਉਪਰ ਮੁਕੰਮਲ ਪਾਬੰਦੀ ਹੈ।** ਜਿਹੜਾ ਵਿਦਿਆਰਥੀ ਰੈਗਿੰਗ ਨਾਲ ਸਬੰਧਿਤ ਕਿਸੇ ਸਰਗਰਮੀ ਵਿੱਚ ਸ਼ਾਮਲ ਹੋਵੇਗਾ ਉਸ ਵਿਰੁੱਧ ਸਖ਼ਤ ਅਨੁਸ਼ਾਸਨੀ/ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
2. ਕਾਲਜ ਕੈਂਪਸ ਵਿੱਚ ਮੋਬਾਇਲ ਫੋਨ ਦੀ ਵਰਤੋਂ ਉਪਰ ਮੁਕੰਮਲ ਪਾਬੰਦੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।
3. ਹਰੇਕ ਵਿਦਿਆਰਥੀ ਨੂੰ ਆਪਣਾ ਸ਼ਨਾਖ਼ਤੀ ਕਾਰਡ ਆਪਣੇ ਕੋਲ ਰੱਖਣਾ ਚਾਹੀਦਾ ਹੈ ਅਤੇ ਕਾਲਜ ਸਟਾਫ ਵਲੋਂ ਮੰਗਣ ਤੇ ਵਿਖਾਉਣਾ ਜ਼ਰੂਰੀ ਹੈ।
4. ਵਿਦਿਆਰਥੀ ਨੂੰ ਇੱਕ ਵਾਰ ਅਲਾਟ ਕੀਤਾ ਗਿਆ ਸੈਕਸ਼ਨ ਬਦਲਿਆ ਨਹੀਂ ਜਾਵੇਗਾ।
5. ਵਿਦਿਆਰਥੀਆਂ ਨੂੰ ਕਾਲਜ ਵਿਚ ਲੱਗੇ ਸਾਰੇ ਨੋਟਿਸ ਹਰ ਰੋਜ਼ ਧਿਆਨ ਨਾਲ ਪੜ੍ਹਨੇ ਚਾਹੀਦੇ ਹਨ।
6. ਪ੍ਰਾਸਪੈੱਕਟਸ ਵਿਚ ਸ਼ਾਮਲ ਨਿਯਮਾਂ ਵਿਚ ਲੋੜ ਅਨੁਸਾਰ ਕਿਸੇ ਸਮੇਂ ਵੀ ਤਬਦੀਲੀ ਕੀਤੀ ਜਾ ਸਕਦੀ ਹੈ।

## *FEE STRUCTURE

| S. No | Name of Course | First Instalment ₹ | University Charges ₹ | Second Instalment ₹ | TOTAL ₹ |
|---|---|---|---|---|---|
| 1 | BA-I | 10485 | 3374 | 6375 | 20234 |
| 2 | BA-II | 10285 | 1924 | 6375 | 18584 |
| 3 | BA-III | 8935 | 1924 | 6345 | 17204 |
| 4 | BSc-I (Non-Medical) | 11635 | 3374 | 7525 | 22534 |
| 5 | BSc-II (Non-Medical) | 11435 | 1924 | 7525 | 20884 |
| 6 | BSc-III (Non-Medical) | 11635 | 1924 | 7525 | 21084 |
| 7 | BSc-I (Medical) | 11935 | 3374 | 7825 | 23134 |
| 8 | BSc-II (Medical) | 11735 | 1924 | 7825 | 21484 |
| 9 | BSc-III (Medical) | 11935 | 1924 | 7825 | 21684 |
| 10 | BSc-I (Computer Science) | 12535 | 3374 | 8425 | 24334 |
| 11 | BSc-II (Computer Science) | 12335 | 1924 | 8425 | 22684 |
| 12 | BSc-III (Computer Science) | 12535 | 1924 | 8425 | 22884 |
| 13 | BCom-I | 12235 | 3374 | 6675 | 22284 |
| 14 | BCom-II | 10585 | 1924 | 6675 | 19184 |
| 15 | BCom-III | 10785 | 1924 | 6675 | 19384 |
| 16 | MA (Punjabi)-I | 14950 | 1924 | 9550 | 26424 |

***1. University examination fee (extra) will be charged as per Punjabi University rules.**
2. Practical fee for BA - I,II and III will be charged as per the subject opted and as applicable.
3. The fees are subject to change as per directions of Punjab Govt./ Punjabi University, Patiala.

### ਫੀਸ ਅਦਾਇਗੀ ਦਾ ਢੰਗ ਤੇ ਨਿਯਮ (Fee Payment Rules)

1. ਯੂਨੀਵਰਸਿਟੀ ਅਤੇ ਰਾਜ ਸਰਕਾਰ ਦੇ ਖਰਚੇ (Charges) ਦਾਖਲੇ ਸਮੇਂ ਹੀ ਭਰਨੇ ਪੈਣਗੇ।
2. ਸਾਲਾਨਾ ਅਤੇ ਮਾਸਿਕ ਖਰਚੇ ਹੇਠ ਲਿਖੇ ਅਨੁਸਾਰ ਦੋ ਕਿਸ਼ਤਾਂ ਵਿਚ ਅਦਾ ਕਰਨੇ ਹਨ:
   ੳ) ਪਹਿਲੀ ਕਿਸ਼ਤ ਜੂਨ/ਜੁਲਾਈ ਦੇ ਮਹੀਨੇ ਦਾਖਲੇ ਸਮੇਂ।
   ਅ) ਦੂਜੀ ਕਿਸ਼ਤ ਅਕਤੂਬਰ/ਨਵੰਬਰ ਦੇ ਮਹੀਨੇ ਯੂਨੀਵਰਸਿਟੀ ਦੀ ਪਰੀਖਿਆ ਫੀਸ ਦੇ ਨਾਲ ਹੀ।
3. ਅਦਾਇਗੀ ਨਕਦ ਕਰਨੀ ਪਵੇਗੀ।
4. ਜੇਕਰ ਕੋਈ ਵਿਦਿਆਰਥੀ ਗ਼ੈਰ ਹਾਜ਼ਰ ਜਾਂ ਛੁੱਟੀ ਤੇ ਹੈ, ਤਾਂ ਵੀ ਉਸ ਨੂੰ ਨਿਸ਼ਚਿਤ ਮਿਤੀ ਤੇ ਹੀ ਫੀਸ ਅਦਾ ਕਰਨ ਦਾ ਪ੍ਰਬੰਧ ਕਰਨਾ ਪਵੇਗਾ।
5. ਨਿਸ਼ਚਿਤ ਮਿਤੀ ਤੇ ਫੀਸ ਦੀ ਅਦਾਇਗੀ ਨਾ ਕਰਨ ਦੀ ਸੂਰਤ ਵਿਚ ਇਕ ਹਫਤੇ ਲਈ 50 ਪੈਸੇ ਪ੍ਰਤੀ ਦਿਨ ਅਤੇ ਬਾਅਦ ਵਿਚ ਇਕ ਰੁਪਿਆ ਪ੍ਰਤੀ ਦਿਨ ਲੇਟ ਫੀਸ ਜੁਰਮਾਨਾ ਵਸੂਲ ਕੀਤਾ ਜਾਵੇਗਾ।
6. ਸਮੇਂ ਸਿਰ ਅਦਾਇਗੀ ਨਾ ਕਰਨ ਵਾਲਿਆਂ ਦੇ ਨਾਂ ਕਾਲਜ-ਰੋਲਜ਼ ਤੋਂ ਕੱਟ ਦਿੱਤੇ ਜਾਣਗੇ।
7. ਜਿਸ ਵਿਦਿਆਰਥੀ ਦਾ ਨਾਂ ਫੀਸ/ਫੰਡਜ਼/ਜੁਰਮਾਨਾ ਅਦਾ ਨਾ ਕਰਨ ਕਰਕੇ ਕੱਟਿਆ ਗਿਆ ਹੋਵੇ, ਉਸ ਨੂੰ ਮੁੜ-ਦਾਖਲਾ ਫੀਸ ਅਤੇ ਪਿਛਲੇ ਸਾਰੇ ਬਕਾਇਆ, ਸਮੇਤ ਲੇਟ ਫੀਸ/ਜੁਰਮਾਨੇ ਜਮ੍ਹਾਂ ਕਰਾਉਣ ਉਪਰੰਤ ਦਾਖਲ ਕੀਤਾ ਜਾ ਸਕਦਾ ਹੈ। ਮੁੜ - ਦਾਖਲਾ (ਰੀ-ਐਡਮਿਸ਼ਨ) 15 ਦਿਨਾਂ ਦੇ ਵਿਚ ਲੈਣਾ ਚਾਹੀਦਾ ਹੈ, ਨਹੀਂ ਤਾਂ ਦਾਖਲਾ ਰੱਦ ਹੋ ਜਾਵੇਗਾ।
8. ਇਕ ਵਾਰ ਅਦਾ ਕੀਤੀ ਫੀਸ ਵਾਪਸ ਨਹੀਂ ਕੀਤੀ ਜਾਵੇਗੀ।

### ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਕਾਲਜ ਵਿਚ ਸਾਲ 2015-2016 ਦੇ ਸੈਸ਼ਨ ਲਈ ਹੇਠ ਲਿਖੇ ਅਨੁਸਾਰ ਸੀਟਾਂ ਰਾਖਵੀਆਂ ਹੋਣਗੀਆਂ:

| | | | |
|---|---|---|---|
| 1. | ਅਨੁਸੂਚਿਤ ਜਾਤੀਆਂ/ਕਬੀਲਿਆਂ ਲਈ | | 25% |
| 2. | ਪੱਛੜੀਆਂ ਸ਼ਰੇਣੀਆਂ ਲਈ | | 5% |
| 3. | ਪੱਛੜਿਆ ਏਰੀਆ/ਬਾਰਡਰ ਏਰੀਆ | | 4% (2% ਹਰੇਕ) |
| 4. | ਖਿਡਾਰੀਆਂ ਲਈ | | 2% |
| 5. | ਫਰੀਡਮ ਫਾਈਟਰ/ਪੁਲਿਟੀਕਲ ਸਫ਼ਰਰ ਦੇ ਬੱਚਿਆਂ ਲਈ | | 2% |
| 6. | ਅਪੰਗ ਵਿਅਕਤੀਆਂ ਲਈ | | 3% |
| | i) ਨੇਤਰਹੀਣ ਤੇ ਘੱਟ ਨਜ਼ਰ ਵਾਲੇ | 1% | |
| | ii) ਗੁੰਗੇ ਤੇ ਬੋਲੇ | 1% | |
| | iii) ਸਰੀਰਕ ਤੌਰ ਤੇ ਅੰਗਹੀਣ ਵਿਅਕਤੀ | 1% | |
| | ਇਹ ਰਾਖਵਾਂਕਰਣ ਅਪੰਗ ਵਿਅਕਤੀਆਂ ਦੀਆਂ ਉਕਤ ਸ਼੍ਰੇਣੀਆਂ ਵਿਚ ਤਬਾਦਲੇ ਯੋਗ ਹੋਵੇਗਾ। | | |
| 7. | ਡਿਫੈਂਸ ਪ੍ਰਸਨੇਲ ਜੋ ਡਿਊਟੀ ਦੌਰਾਨ ਮਾਰੇ ਗਏ/50% ਨਕਾਰਾ ਹੋਏ/ਸੇਵਾ ਕਰ ਰਹੇ ਜਾਂ ਸੇਵਾ-ਮੁਕਤ ਹੋਏ, ਦੇ ਬੱਚਿਆਂ/ਵਿਧਵਾ ਲਈ | | 2% |
| 8. | ਪੈਰਾ ਮਿਲਟਰੀ ਫੋਰਸਿਸ ਪ੍ਰਸਨੇਲ/ਪੰਜਾਬ ਪੁਲਿਸ/ਪੀ ਏ ਪੀ/ਪੰਜਾਬ ਹੋਮਗਾਰਡਜ਼ ਜੋ ਫੋਰਸਿਸ ਦੀ ਕਾਰਵਾਈ ਦੌਰਾਨ ਮਾਰੇ ਗਏ/50% ਨਕਾਰਾ ਹੋਏ/ਸੇਵਾ ਕਰ ਰਹੇ ਜਾਂ ਸੇਵਾ-ਮੁਕਤ ਹੋਏ, ਦੇ ਬੱਚਿਆਂ/ਵਿਧਵਾ ਲਈ | | 2% |
| 9. | ਦੰਗਾ ਪੀੜਤ/ ਖਾੜਕੂਆਂ ਹੱਥੋਂ/ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ ਮਾਰੇ ਗਏ ਅਤੇ 100% ਨਕਾਰਾ ਹੋਏ ਵਿਅਕਤੀਆਂ, ਸਿੱਖ ਪ੍ਰਵਾਸੀ/ਅੰਦਰੂਨੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਲਈ | | 2% |
| 10. | ਵਿਧਵਾ/ਤਲਾਕਸ਼ੁਦਾ ਔਰਤ | | 2% |

ਜੇਕਰ ਉਪਰੋਕਤ ਨਿਰਧਾਰਤ ਰਾਖਵੀਆਂ ਸ਼੍ਰੇਣੀਆਂ ਅਧੀਨ ਵਿਦਿਆਰਥੀ ਉਪਲਬਧ ਨਹੀਂ ਹੋਣਗੇ ਤਾਂ ਇਹ ਸੀਟਾਂ ਜਨਰਲ ਸ਼੍ਰੇਣੀ ਦੇ ਵਿਦਿਆਰਥੀਆਂ ਦੁਆਰਾ ਭਰ ਲਈਆਂ ਜਾਣਗੀਆਂ।

**ਨੋਟ:** ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਜਿਸ ਕੈਟਾਗਰੀ ਅਧੀਨ ਅਪਲਾਈ ਕਰਨਾ ਚਾਹੁੰਦੇ ਹਨ ਉਹ ਦਾਖਲਾ ਫ਼ਾਰਮ ਦੇ ਉਪਰਲੇ ਪਾਸੇ ਸਪੱਸ਼ਟ ਤੌਰ ਤੇ ਲਿਖਣ, ਨਹੀਂ ਤਾਂ ਉਹਨਾਂ ਦਾ ਦਾਖਲਾ ਫ਼ਾਰਮ ਜਨਰਲ ਕੈਟਾਗਰੀ ਅਧੀਨ ਸਮਝਿਆ ਜਾਵੇਗਾ।

# Precious Moments























RACES-2015
7th National Conference on




MULTANI MAL MODI COLLEGE





















# Precious Moments










Multltani Mal Modi College

# Re-accredited by NAAC 'A' Grade with 3.26 CGPA


ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ

MULTANI MAL MODI COLLEGE, PATIALA

Re-accredited by NAAC with 'A' Grade and CGPA of 3.26 on 4 point scale
(College with Potential for Excellence - Status Conferred by the UGC)

Tel. 0175-2214108, 2212049 Fax: 0175-2305853
website : www.modicollege.com
e-mail : principal@modicollege.com


Estd. 1967


Shaheed-e-Azam Press (P) Ltd. Patiala. 98146-32807